**SET-4**

**Series JMS/C**

**Code No. 6**

Roll No. | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

**ਨੋਟ:** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

ਪੜ੍ਹਨ ਕੌਸ਼ਲ

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ, ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਵਿਰਾਸਤ ਵਿਚ ਮਿਲੀ ਹੈ । ਸ਼ੁਰੂ ਤੋਂ ਹੀ ਇਨ੍ਹਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਹੈ । ਪ੍ਰਦੇਸੀ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਹੈ । ਪ੍ਰਦੇਸੀ ਧਾੜਵੀਆਂ ਦੀ ਈਨ ਮੰਨਣੋ ਇਨਕਾਰੀ ਪੰਜਾਬੀ ਦੀ ਅਣਖ ਰੋਹ ਵਿਚ ਆਕੇ ਰਣ-ਭੂਮੀ ਵਿਚ ਵੀਰਤਾ ਦੇ ਹੱਥ ਵਿਖਾਉਂਦੀ ਰਹੀ । ਯੂਨਾਨੀਆਂ ਦੇ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਸਥਾਪਤੀ ਤੱਕ ਪੰਜਾਬੀਆਂ ਨੂੰ ਆਪਣੇ ਵੈਰੀਆਂ ਵਿਰੁੱਧ ਬੇਅੰਤ ਵਾਰ ਤੇਗਾਂ ਵਾਹੁਣੀਆਂ ਪਾਈਆਂ ਹਨ । ‘ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾ’ ਕਹਾਵਤ ਇਸ ਗੱਲ ਦੀ ਗਵਾਹੀ ਦਿੰਦੀ ਹੈ । ਪੰਜਾਬੀ ਲੋਕ-ਗੀਤ ਵੀ ਪੰਜਾਬੀਆਂ ਦੀ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਵੀਰ-ਪਰੰਪਰਾ ਨੂੰ ਸਾਂਭੀ ਤੁਰੀ ਆ ਰਹੇ ਹਨ । ਇਨ੍ਹਾਂ ਵਿਚ ਪੰਜਾਬੀ ਨਾਇਕ ਹਥਿਆਰਾਂ ਨਾਲ ਲੈਸ, ਨੀਲੇ ਘੋੜਿਆਂ ’ਤੇ ਅਸਵਾਰ, ਰਾਜੇ ਦੀ ਨੌਕਰੀ ਜਾਂ ਦੇਸ਼ ਦੀ ਰੱਖਿਆ ਲਈ ਨਿੱਤ ਨਵੀਆਂ ਮੁਹਿੰਮਾਂ ’ਤੇ ਸਜ-ਵਿਆਹੀਆਂ ਪਤਨੀਆਂ ਨੂੰ ਵਿਛੋੜਾ ਦੇਕੇ ਜਾਂਦੇ ਨਜ਼ਰ ਆਉਂਦੇ ਹਨ ।

ਪ੍ਰਸ਼ਨ :

(ੳ) ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਕਿਥੋਂ ਮਿਲੀ ਹੈ ?

(ਅ) ਪੰਜਾਬੀ ਕਿੰਨ੍ਹਾਂ ਦੀ ਈਨ ਨਹੀਂ ਮੰਨਦੇ ਸੀ ?

(ੲ) ਯੂਨਾਨੀ ਕਾਲ ਤੋਂ ਅੰਗਰੇਜ਼ੀ ਰਾਜ ਦੀ ਸਥਾਪਨਾ ਤੱਕ ਪੰਜਾਬੀਆਂ ਨੇ ਆਪਣੇ ਦੁਸ਼ਮਨਾਂ ਤੋਂ ਬਦਲਾ ਕਿਵੇਂ ਲਿਆ ?

(ਸ) ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਕੀ ਹੈ ?

(ਹ) ਪੰਜਾਬੀਆਂ ਦੀ ਵੀਰਤਾ ਦਾ ਜ਼ਿਕਰ ਹੋਰ ਕਿਥੋਂ ਮਿਲਦਾ ਹੈ ? *2+2+2+2+1=9*

**2.** ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਮੇਰੀ ਛਿਪੀ ਰਹੇ ਗੁਲਜ਼ਾਰ, ਮੈਂ ਨੀਵਾਂ ਉੱਗਿਆ ।
ਕੁਈ ਲਗੇ ਨ ਨਜ਼ਰ ਟਪਾਰ, ਮੈਂ ਪਰਬਤ ਲੁਕਿਆ ।
ਮੈਂ ਲਿਆ ਅਕਾਸ਼ੋਂ ਰੰਗ, ਜੁ ਸ਼ੋਖ਼ ਨ ਵੰਨ ਦਾ ।
ਹਾਂ, ਧੁਰੋਂ ਗਰੀਬੀ ਮੰਗ, ਮੈਂ ਆਯਾ ਲਗਤ ਤੇ ।
ਮੈਂ ਪੀਆਂ ਅਰਸ਼ ਦੀ ਤ੍ਰੇਲ ਪਲਾਂ ਮੈਂ ਕਿਰਨ ਖਾ ।

ਪ੍ਰਸ਼ਨ :

(ੳ) ਕਵਿਤਾ ਵਿਚ ਬਿਨਫ਼ਸ਼ਾਂ ਦਾ ਫੁੱਲ ਕਿਸ ਚੀਜ਼ ਪਿੱਛੇ ਛੁੱਪ ਜਾਣ ਦੀ ਗੱਲ ਕਰ ਰਿਹਾ ਹੈ ?

(ਅ) ਫੁੱਲ ਕੀ ਮੰਗ ਕੇ ਦੁਨੀਆਂ ਵਿਚ ਆਇਆਂ ਹੈ ?

(ੲ) ਫੁੱਲ ਕਿਹੜੀਆਂ ਚੀਜ਼ਾਂ ਦੇ ਖਾਣ-ਪੀਣ ਬਾਰੇ ਦੱਸਦਾ ਹੈ ? *2×3=6*

'ਵਿਆਕਰਨ'

**3.** (i) 'ਦੇਸ਼-ਧਰੋਹੀ' ਸਮਾਸੀ ਸ਼ਬਦ ਲਈ ਹੇਠ ਲਿਖੇ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣੋ : *1*

(ੳ) ਦੇਸ਼ ਅਤੇ ਵਿਦਰੋਹੀ

(ਅ) ਦੇਸ਼ ਦਾ ਵਿਦਰੋਹੀ

(ੲ) ਦੇਸ਼ ਵਰਗਾ ਧਰੋਹੀ

(ਸ) ਦੇਸ਼ ਦਾ ਪਿਆਰਾ

(ii) ਲੋਕਾਂ ਲਈ ਵਿਖਾਵਾ ਕਰਨਾ ਚੰਗੀ ਗੱਲ ਨਹੀਂ ਹੈ । ਲਕੀਰੇ ਸ਼ਬਦ ਸਮੂਹ ਦਾ ਸਹੀ ਸਮਾਸੀ ਸ਼ਬਦ ਚੁਣੋ : *1*

(ੳ) ਲੋਕਾਂ-ਦਾ-ਵਿਖਾਵਾ

(ਅ) ਲੋਕਾਂ-ਵਿਖਾਇਆ

(ੲ) ਵੇਖ-ਵਿਖਾਵਾ

(ਸ) ਲੋਕ-ਵਿਖਾਵਾ

**4.** (i) 'ਪੱਕਾ' ਸ਼ਬਦ ਦਾ ਬਹੁ-ਅਰਥਕ ਕਿਹੜਾ ਨਹੀਂ ਹੈ ? *1*

(ੳ) ਮਜ਼ਬੂਤ

(ਅ) ਪੂਰਾ

(ੲ) ਨਾ ਉੱਤਰਨ ਵਾਲਾ

(ਸ) ਅਰੋਗ

(ii) 'ਛਾਪਾ' ਸ਼ਬਦ ਦਾ ਬਹੁ-ਅਰਥਕ ਸ਼ਬਦ ਚੁਣੋ : *1*

(ੳ) ਗਹਿਣਾ

(ਅ) ਠੱਪਾ

(ੲ) ਬਿਰਤੀ

(ਸ) ਵਗਣਾ

(iii) 'ਰਾਸ' ਸ਼ਬਦ ਦਾ ਬਹੁ-ਅਰਥਕ ਸ਼ਬਦ ਚੁਣੋ : *1*

(ੳ) ਠੀਕ

(ਅ) ਤਵੀਤ

(ੲ) ਪੱਲਾ

(ਸ) ਮਰੋੜ

**5.** ਹੇਠ ਲਿਖੀ ਵਾਰਤਾ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ : *3*

ਸਾਬਾਸ਼ ਕਾਕਾ ਸ਼ਾਬਾਸ਼ ਤੂੰ ਐਮ ਏ ਪੀ ਐਚ ਡੀ ਕਰਕੇ ਪਿੰਡ ਦਾ ਨਾਂ ਰੌਸ਼ਨ ਕੀਤਾ ਹੈ ਬਾਬਾ ਜੀ ਨੇ ਕਿਹਾ ਕਾਕੇ ਨੂੰ ਬਾਬੇ ਦਾ ਆਭਾਰ ਪ੍ਰਗਟਾਉਂਦਿਆਂ ਕਿਹਾ ਇਹ ਸਭ ਤੁਹਾਡੇ ਆਸ਼ੀਰਵਾਦ ਕਰਕੇ ਹੈ ।

6. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : *3*

(i) ਝੱਟ ਟਪਾਉਣਾ

(ii) ਚਾਂਦੀ ਦੀ ਜੁੱਤੀ ਮਾਰਨੀ

(iii) ਜਾਨ 'ਤੇ ਖੇਡਣਾ

7. 'ਗ਼ੈਰ' ਅਤੇ 'ਬੇ' ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ । *2*

8. 'ਧਾਰ' ਅਤੇ 'ਗੀਰ' ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ । *2*

ਲਿਖਣ ਕੌਸ਼ਲ

9. ਹੇਠ ਲਿਖੇ ਵਿਸ਼ਿਆਂ ਵਿੱਚ ਕਿਸੇ ***ਇਕ*** ਉੱਪਰ ਲਗਭਗ 200 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ । *10*

(i) ਕੰਪਿਊਟਰ ਦਾ ਵਧ ਰਿਹਾ ਪ੍ਰਭਾਵ

ਨੁਕਤੇ : ਕੰਪਿਊਟਰ ਦੀ ਪਰਿਭਾਸ਼ਾ, ਕੰਪਿਊਟਰ ਦੀ ਵਰਤੋਂ, ਦਫ਼ਤਰਾਂ ਵਿਚ ਵਰਤੋਂ, ਵਿਦਿਆ, ਬੈਂਕ, ਸਿਹਤ, ਸੰਚਾਰ, ਪੁਲਾੜ, ਮਸ਼ੀਨਾਂ ਆਦਿ ਵਿਚ ਯੋਗਦਾਨ, ਰਿਜ਼ਰਵੇਸ਼ਨ ਅਤੇ ਅਪਰਾਧੀਆਂ ਦਾ ਪਤਾ ਲਾਉਣ ਵਿਚ ਸਹਾਇਕ, ਸਰਿਸ਼ ।

(ii) ਮੈਟਰੋ ਰੇਲ

ਨੁਕਤੇ : ਜਾਣ-ਪਛਾਣ, ਵਿਸ਼ੇਸ਼ਤਾਵਾਂ, ਲੋੜ, ਦਿੱਲੀ ਵਿਚ ਪਹਿਲੀ ਮੈਟਰੋ ਰੇਲ, ਹੋਰ ਸ਼ਹਿਰਾਂ ਵਿਚ ਮੈਟਰੋ ਦੀ ਆਸ, ਭਾਰਤੀਆਂ ਲਈ ਮੈਟਰੋ ਰੇਲ : ਇਕ ਤੋਹਫ਼ੇ ਵਜੋਂ ।

10. ਆਪਣੇ ਨਵੇਂ ਖੋਲ੍ਹੇ ਜਨਰਲ ਸਟੋਰ ਤੋਂ ਚੀਜ਼ਾਂ ਖ੍ਰੀਦਣ ਲਈ ਇਲਾਕਾ ਨਿਵਾਸੀਆਂ ਨੂੰ ਅਪੀਲ ਕਰੋ । *8*

ਨੁਕਤੇ : ਇਲਾਕੇ ਦਾ ਨਾਂ, ਚੀਜ਼ਾਂ ਦੇ ਨਾਂ, ਲੁਭਾਵਣੀ ਸਕੀਮ, ਮਾਲ ਦੀ ਗਰੰਟੀ, ਅਪੀਲ ।

**ਜਾਂ**


ਸਮਾਜ ਵਿਚ ਵਧਦੀ ਹੋਈ ਅਸੁਰੱਖਿਆ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ।

ਨੁਕਤੇ : ਅਸੁਰੱਖਿਆ ਕਾਰਨ ਲੋਕਾਂ ਦੀ ਮਾਨਸਿਕ ਚਿੰਤਾ, ਚੋਰੀ, ਡਾਕੇ, ਲੁੱਟਾਂ-ਖੋਹਾਂ, ਕਤਲ ਆਦਿ, ਜਾਨ-ਮਾਲ ਦਾ ਖਤਰਾ, ਲੋਕਾਂ ਵਿਚ ਬੇਚੈਨੀ, ਜਾਗ੍ਰਿਤੀ ਲਿਆਉਣ ਦੀ ਅਪੀਲ ।

**11.** ਆਪਨੇ ਇਕ ਕਾਰ ਦਾ ਸ਼ੋਰੂਮ ਖੋਲ੍ਹਿਆ ਹੈ । ਇਸ ਲਈ ਆਦਰਸ਼ਕ ਇਸ਼ਤਿਹਾਰ ਤਿਆਰ ਕਰੋ । **7**

**ਜਾਂ**

ਹੇਠਾਂ ਦਿੱਤੀ ਤਸਵੀਰ ਨੂੰ ਵੇਖ ਕੇ ਲਗਭਗ 50 – 60 ਸ਼ਬਦਾਂ ਵਿਚ ਇਸ ਦਾ ਵਰਣਨ ਕਰੋ –



(ਸਿਰਫ਼ ਨੇਤਰਹੀਨ ਵਿਦਿਆਰਥੀਆਂ ਲਈ)

ਸਕੂਲ ਵਿਚ ਤੁਹਾਡਾ ਪਰਸ ਡਿੱਗ ਪਿਆ ਹੈ । ਇਸ ਵਿਚ ਤੁਹਾਡੇ ਪੈਸੇ ਅਤੇ ਜ਼ਰੂਰੀ ਕਾਗਜ਼ਾਤ ਸਨ । ਇਸ ਬਾਰੇ ਅਖ਼ਬਾਰ ਵਿਚ ਛਪਣ ਲਈ ਖ਼ਬਰ ਬਣਾ ਕੇ ਲਿਖੋ ।

ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ –

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿਚ ਦਿਓ : *1×4=4*

(ੳ) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ ?

(ਅ) ਮਨੋਵਿਗਿਆਨੀ ਕੀ ਸੁਝਾਅ ਦਿੰਦੇ ਹਨ ?

(ੲ) ਮੀਨਾਕਸ਼ੀ ਦੀ ਮੰਮੀ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ ?

(ਸ) ਅਰਚਨਾ ਚੋਪੜਾ ਕਿਹੜੀ ਫਲੋਰ ਉੱਤੇ ਰਹਿੰਦੀ ਸੀ ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 – 40 ਸ਼ਬਦਾਂ ਵਿਚ ਲਿਖੋ : *2×6=12*

(ੳ) ਬੀਬੀ ਭਾਨੀ ਜੀ ਨੇ ਕਿਸ ਤੋਂ ਕੀ ਵਰ ਮੰਗਿਆ ?

(ਅ) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ ਵਿਚ ਹਿੱਸਾ ਲਿਆ ਅਤੇ ਕਿੰਨੇ ਮੁਕਾਬਲਿਆਂ ਵਿਚ ਜਿੱਤ ਹਾਸਲ ਕੀਤੀ ?

(ੲ) ਧਰਮ ਬਾਰੇ ਡਾ. ਕਲਾਮ ਦੇ ਕੀ ਵਿਚਾਰ ਸਨ ?

(ਸ) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ?

(ਹ) ਈਅਰਫ਼ੋਨ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?

(ਕ) 'ਦੁਸ਼ਮਨੀ' ਕਹਾਣੀ ਵਿਚ ਪੁਲਿਸ ਨੂੰ ਕੌਣ ਬੁਲਾਉਂਦਾ ਹੈ ਤੇ ਕਿਉਂ ?

**14.** ਗਾਰਡਨ ਨੇ ਕਿੰਨੀ ਪ੍ਰਕਾਰ ਦੀ ਬੁੱਧੀ ਦਾ ਖੁਲਾਸਾ ਕੀਤਾ ਹੈ ? ਸੰਖੇਪ ਵਰਣਨ ਕਰੋ । *5*

**ਜਾਂ**

ਕਸ਼ਮੀਰ ਨੀਰ ਨੇ 'ਗੁੰਮ ਕੇ ਰਸੋਈ ਵਿਚੋ' ਕਵਿਤਾ ਵਿਚ ਕਿੰਨਾਂ ਚੀਜ਼ਾਂ ਦੇ ਗੁੰਮ ਹੋਣ ਪ੍ਰਤੀ ਸੁਚੇਤ ਕੀਤਾ ਹੈ ?

**15.** 'ਬੇਬੇ ਰਾਮ ਭਜਨੀ' ਇਕਾਂਗੀ ਵਿਚ ਪੇਸ਼ ਹੋਈ ਸਮੱਸਿਆ ਉੱਪਰ ਸੰਖੇਪ ਨੋਟ ਲਿਖੋ । *4*

**ਜਾਂ**

ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ ।